ਜੁਲਾਈ 2023, ਅੰਕ 7

# ALTA CONNECTIONS

ਤਿਮਾਹੀ ਕਲਾਇੰਟ, ਸੇਵਾ ਪ੍ਰਦਾਤਾ, ਅਤੇ ਸਟਾਫ਼ ਅੱਪਡੇਟ ਨਿਊਜ਼ਲੈਟਰ



ਸਾਡੀ **ਫੀਚਰਡ ਕਲਾਕਾਰ ਲਿੰਡਸੇ ਵਾਟਕਿੰਸ** (Lindsey Watkins) ਬਾਰੇ ਵਧੇਰੇ ਜਾਣਕਾਰੀ ਪੰਨਾ 10

## ਕਾਰਜਕਾਰੀ ਨਿਦੇਸ਼ਕ ਦਾ ਸੁਨੇਹਾ

*ਕਾਰਜਕਾਰੀ ਨਿਦੇਸ਼ਕ ਲੌਰੀ ਬੈਨੇਲਸ (Lori Banales)*

ਭਾਈਚਾਰੇ ਦਾ ਸੰਮਿਲਨ ਅਤੇ ਸ਼ਮੂਲੀਅਤ (Community Inclusion and Engagement), ਉਹਨਾਂ ਭਾਈਚਾਰੇ ਤੇ ਅਧਾਰਤ ਗਤੀਵਿਧੀਆਂ ਵਿੱਚ ਹਿੱਸਾ ਲੈਣ ਦੇ ਮੌਕਿਆਂ ਨੂੰ ਗ੍ਰਹਿਣ ਕਰਦਾ ਹੈ, ਜੋ ਸਿੱਖਿਆ, ਸ੍ਰੋਮੇ ਦੇ ਵਿਕਾਸ ਅਤੇ ਸੇਵਾ ਤੱਕ ਪਹੁੰਚ ਦੀ ਹਿਮਾਇਤ ਕਰਦੀਆਂ ਹਨ। ਸਾਡੀ ਸੇਵਾ ਪ੍ਰਣਾਲੀ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਭਾਈਚਾਰਕ ਭਾਈਵਾਲਾਂ ਦੇ ਨਾਲ ਜੁੜਨਾ, ਸਾਡੇ ਭਾਈਵਾਲਾਂ ਦੇ ਨਾਲ ਸਾਡੇ ਸੰਬੰਧਾਂ ਦਾ ਨਿਰਮਾਣ ਕਰਦਾ ਹੈ ਅਤੇ ਉਹਨਾਂ ਨੂੰ ਮਜ਼ਬੂਤ ਬਣਾਉਂਦਾ ਹੈ, ਜਿਸਦੇ ਬਦਲੇ ਵਿੱਚ, ਉਹਨਾਂ ਵਿਅਕਤੀਆਂ ਲਈ ਮੌਕਿਆਂ ਅਤੇ ਸੰਬੰਧਾਂ ਵਿੱਚ ਵਾਧਾ ਹੁੰਦਾ ਹੈ, ਜਿਹਨਾਂ ਨੂੰ ਅਸੀਂ ਸੇਵਾ ਦਿੰਦੇ ਹਾਂ, ਅਤੇ ਨਾਲ-ਨਾਲ ਉਹਨਾਂ ਲਈ, ਜੋ ਭਵਿੱਖ ਵਿੱਚ ਸਾਡੇ ਰੀਜਨਲ ਸੈਂਟਰ ਨਾਲ ਜੁੜਨਗੇ। ਸਾਡੀਆਂ ਏਜੰਸੀਆਂ ਦੇ ਦ੍ਰਿਸ਼ਟੀਕੋਣ ਅਤੇ ਮਿਸ਼ਨ ਦੀ ਹਿਮਾਇਤ ਵਿੱਚ ਆਉਟਰੀਚ ਬਹੁਤ ਮਹੱਤਵਪੂਰਣ ਹੈ।

ਭਾਈਚਾਰੇ ਦਾ ਸੰਮਿਲਨ ਅਤੇ ਸ਼ਮੂਲੀਅਤ, ACRC 2022-2025 ਦੀ ਕਾਰਜਨੀਤਕ ਯੋਜਨਾ ਵਿੱਚ ਮੁੱਖ ਖੇਤਰ 4 ਨੂੰ ਵੀ ਦਰਸਾਉਂਦਾ ਹੈ। ACRC, ਭਾਈਚਾਰੇ ਵਿੱਚ ਬਾਹਰ ਮੌਜੂਦ ਹੈ ਅਤੇ ਇਸਨੇ ਪਿਛਲੇ ਛੇ ਮਹੀਨਿਆਂ ਵਿੱਚ ਵਾਧੂ ਛੱਤੀ (36) ਕਾਰਜਕਰਮਾਂ ਸਮੇਤ, ਇਸ ਸਾਲ ਜਨਵਰੀ ਤੋਂ ਲੈ ਕੇ ਛਿਆਲੀ (46) ਆਉਟਰੀਚ ਕਾਰਜਕਰਮਾਂ ਵਿੱਚ ਹਿੱਸਾ ਲਿਆ ਹੈ। ਉਹਨਾਂ ਕੁਝ ਥਾਵਾਂ ਵਿੱਚ ਸ਼ਾਮਲ ਹਨ, ਜਿੱਥੇ ਅਸੀਂ ਗਏ: ਸੈਕਰਾਮੈਂਟੋ ਕਾਉਂਟੀ ਸੋਸ਼ਲ ਸਰਵਿਸਿਜ਼ (Sacramento County Social Services), ਨੋਰਕਲ ਸਰਵਿਸਿਜ਼ ਔਫ਼ ਡੀਫ ਐਂਡ ਹਾਰਡ ਔਫ਼ ਹੀਅਰਿੰਗ (NorCal Services for Deaf and Hard of Hearing), ਐਲ ਡੋਰਾਡੋ ਕਾਉਂਟੀ ਸ਼ੈਰਿਫ ਡਿਪਾਰਟਮੈਂਟ (El Dorado County Sheriff Department), ਪਲੇਸਰ ਐਂਡ ਸੈਕਰਾਮੈਂਟੋ ਕਾਉਂਟੀ IHSS (Placer and Sacramento County IHSS), ਸਿਟੀ ਔਫ਼ ਡੇਵਿਸ ਐਡੇਪਟਿਵ ਰੇਕ੍ਰੀਏਸ਼ਨ ਐਂਡ ਇਨਕਲੂਜਨ (City of Davis Adaptive Recreation and Inclusion), ਯੋਲੋ ਕਾਉਂਟੀ (Yolo County) ਵਿੱਚ ਸੰਮਿਲਨ ਲਈ ਸਟੇਜ ਤਿਆਰ ਕਰਨਾ, ਹਮੌਂਗ (Hmong) ਫਿਲਮ ਪ੍ਰੀਮੀਅਰ, ਯੂਬਾ ਸਿਟੀ (Yuba City) ਵਿੱਚ ਪੰਜਾਬੀ ਅਮੈਰਿਕਨ ਹਿਸਟਰੀ ਡੇ (Punjabi American History Day), ਸੈਕਰਾਮੈਂਟੋ LGBTQ ਸੈਂਟਰ (Sacramento LGBTQ Center) ਅਤੇ ਚਾਪਾ ਡੇ ਇੰਡੀਅਨ ਹੈਲਥ (Chapa De Indian Health)।

ਜਾਰੀ ਹੈ ਪੰਨਾ 2


### ਇਸ ਅੰਕ ਵਿੱਚ ਕੀ ਹੈ:


- ED ਤੋਂ ਸੁਨੇਹਾ
- ਕਾਰਜਨੀਤਕ ਯੋਜਨਾ: ਭਾਈਚਾਰੇ ਦਾ ਸੰਮਿਲਨ ਅਤੇ ਸ਼ਮੂਲੀਅਤ
- ਸਟਾਫ਼ ਦਾ ਪ੍ਰੋਫਾਈਲ
- CAC ਸਮਾਜਕ ਮੇਲਜੋਲ ਪ੍ਰੋਗਰਾਮ
- ਇਨਟੇਕ ਅਤੇ ਕਲੀਨਿਕਲ ਟੀਮ
- DSP ਸਹਿਯੋਗਪੂਰਣ
- ਸੱਭਿਆਚਾਰਕ ਵਿਵਿਧਤਾ ਮਾਹਰ
- ਪ੍ਰਾਇਡ ਪਰੇਡ
- ਕਲਾਇੰਟ ਸਪੌਟਲਾਈਟ
- ਨੰਬਰਾਂ ਦੁਆਰਾ ACRC
- ਵਿਸ਼ੇਸ਼ ਕਲਾਕਾਰ ਦਾ ਪ੍ਰੋਫਾਈਲ
- ਸਿਏਰਾ ਕਾਲੇਜ (SIERRA COLLEGE) ਭਾਈਵਾਲੀ ਪ੍ਰੈਸ ਰਿਲੀਜ

# ਕਾਰਜਕਾਰੀ ਨਿਦੇਸ਼ਕ ਦਾ ਸੁਨੇਹਾ - ਜਾਰੀ ਹੈ

*ਕਾਰਜਕਾਰੀ ਨਿਦੇਸ਼ਕ - ਲੌਰੀ ਬੈਨੇਲਸ (Lori Banales)*

ਹਰੇਕ ਸ਼ਮੂਲੀਅਤ, ਆਉਟਰੀਚ ਅਤੇ ਸਿੱਖਿਆ ‘ਤੇ ਧਿਆਨ ਕੇਂਦਰਿਤ ਕਰਦਾ ਹੈ ਅਤੇ ਕਈ, ਰੀਜਨਲ ਸੈਂਟਰ ਸਟਾਫ਼ ਅਤੇ ਡਾਇਰੈਕਟ ਸਪੋਰਟ ਪ੍ਰੋਫੈਸ਼ਨਲਸ (DSP) ਦੋਵਾਂ ਲਈ ਭਰਤੀ ‘ਤੇ ਧਿਆਨ ਕੇਂਦਰਿਤ ਕਰਨਾ ਸ਼ਾਮਲ ਹੈ, ਜੋ ਸਾਡੇ ਵਿਕਰੇਤਾ ਭਾਈਚਾਰੇ ਦੀ ਹਿਮਾਇਤ ਕਰਦੇ ਹਨ। ACRC ਨੂੰ ਇਹ ਸਾਂਝਾ ਕਰਦੇ ਹੋਏ ਮਾਣ ਮਹਿਸੂਸ ਹੋ ਰਿਹਾ ਹੈ ਕਿ ਅਸੀਂ ਡਾਇਵਰਸਿਟੀ ਆਉਟਰੀਚ ਕਾਰਜ ਸਮੂਹ (Diversity Outreach Workgroup, DOW) ਬਣਾਇਆ ਹੈ। ਇਹ ਗਰੁੱਪ ਹਰ ਅਹੁਦੇ ਵਾਲੇ ਸਟਾਫ਼ ਦੀ ਨੁਮਾਇੰਦਗੀ ਕਰਦਾ ਹੈ, ਜਿਹਨਾਂ ਨੂੰ ACRC ਦੀ ਨੁਮਾਇੰਦਗੀ ਕਰਨ ਅਤੇ ਭਾਈਚਾਰੇ ਵਿੱਚ ਸਾਡੇ ਫੁੱਟ ਪ੍ਰਿੰਟ ਵਿੱਚ ਵਾਧਾ ਕਰਨ ਵਿੱਚ ਦਿਲਚਸਪੀ ਹੈ। ਉਹਨਾਂ ਦੀ ਅਗਵਾਈ ਸਾਡੇ ਸੱਭਿਆਚਾਰਕ ਵਿਵਿਧਤਾ ਮਾਹਰ, ਸ਼ਾਮਿਰ ਗ੍ਰਿਫਿਨ (Shamir Griffin) ਵੱਲੋਂ ਕੀਤੀ ਜਾਂਦੀ ਹੈ। ਤੁਸੀਂ ਅੱਗੇ ਪੜ੍ਹੋਗੇ ਤਾਂ ਤੁਹਾਨੂੰ ਸ਼ਾਮਿਰ ਬਾਰੇ ਦੱਸਣ ਵਾਲਾ ਇੱਕ ਫੀਚਰ ਲੇਖ ਮਿਲੇਗਾ। ਇਸ ਕਾਰਜ ਸਮੂਹ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਸਾਡੀ ਏਜੰਸੀ, ਸਾਰੀਆਂ ਦਸ ਕਾਉਂਟੀਜ ਨੂੰ ਅਤੇ ਉਸ ਵਿਵਿਧਤਾ ਦੀ ਨੁਮਾਇੰਦਗੀ ਕਰਦੀ ਹੈ, ਜੋ ਸਾਡੇ ਸੈਂਟਰ ਦੀ ਨੁਮਾਇੰਦਗੀ ਕਰਦੀ ਹੈ। ਇਸ ਖੇਤਰ ਵਿੱਚ ਸਾਡੀ ਵਚਨਬੱਧਤਾ ਦੀ ਹੋਰ ਹਿਮਾਇਤ ਵਾਸਤੇ, ਸਾਡੀ ਏਜੰਸੀ ਇੱਕ ਵਿਆਪਕ ਵਿਵਿਧਤਾ, ਬਰਾਬਰੀ ਅਤੇ ਸ਼ਮੂਲੀਅਤ ਟ੍ਰੇਨਿੰਗ ਸੀਰੀਜ ਵਿੱਚ ਹਿੱਸਾ ਲੈਣ ਬਾਰੇ ਸੋਚ ਰਹੀ ਹੈ, ਜੋ ਨਵੰਬਰ ਵਿੱਚ ਸ਼ੁਰੂ ਹੋਵੇਗੀ। ਸਾਡੇ ਸਟਾਫ਼ ਦੀ ਸਹਾਇਤਾ ਲਈ ਪੇਸ਼ੇਵਰ ਸਮਰੱਥਾ ਵਧਾਉਣਾ, ਜੋ ਬਦਲੇ ਵਿੱਚ ਸਾਡੇ ਭਾਈਚਾਰੇ ਦੀ ਸਹਾਇਤਾ ਕਰੇਗਾ, ਅਜੇ ਵੀ ਤਰਜੀਹ ਬਣੀ ਹੋਈ ਹੈ।




## ਕਾਰਜਨੀਤਕ ਯੋਜਨਾ ਦਾ ਮੁੱਖ ਖੇਤਰ: ਭਾਈਚਾਰੇ ਦਾ ਸੰਮਿਲਨ ਅਤੇ ਸ਼ਮੂਲੀਅਤ

**ਮੁੱਖ ਖੇਤਰ ਦੀ ਪਰਿਭਾਸ਼ਾ:**

ACRC, ਕਲਾਇੰਟਾਂ, ਪਰਿਵਾਰਾਂ ਅਤੇ ਭਾਈਚਾਰਕ ਭਾਈਵਾਲਾਂ ਨੂੰ ਪਾਤਰਤਾ, ਸੇਵਾਵਾਂ ਅਤੇ ਸਹਾਇਤਾਵਾਂ ਬਾਰੇ ਜਾਣਕਾਰੀ ਮੁਹੱਈਆ ਕਰਦਾ ਹੈ। ACRC, ਭਾਈਚਾਰੇ ਦੀਆਂ ਬਦਲਦੀਆਂ ਲੋੜਾਂ ਬਾਰੇ ਜਾਣਨ ਅਤੇ ਸਿੱਖਿਅਤ ਕਰਨ ਲਈ ਸਹਿਯੋਗਪੂਰਣ ਮੌਕੇ ਵੀ ਲੱਭਦੀ ਹੈ।

**ਭਾਈਚਾਰਕ ਇਨਪੁਟ:**

- ਲੋਕ, ਰੀਜਨਲ ਸੈਂਟਰ ਸੰਬੰਧੀ ਜਾਣਕਾਰੀ ਤੱਕ ਪਹੁੰਚ, ਆਪਣੀਆਂ ਤਰਜੀਹੀ ਭਾਸ਼ਾਵਾਂ ਵਿੱਚ ਅਤੇ ਆਪਣੇ ਭਾਈਚਾਰਿਆਂ ਵਿੱਚ ਚਾਹੁੰਦੇ ਹਨ।
- ਭਾਈਚਾਰਾ ਚਾਹੁੰਦਾ ਹੈ ਕਿ ਰੀਜਨਲ ਸੈਂਟਰ, ਇੱਕ-ਦੂਜੇ ਤੋਂ ਸਿੱਖਣ ਅਤੇ ਵੱਖ-ਵੱਖ ਸੋਮਿਆਂ ਬਾਰੇ ਭਾਈਚਾਰੇ ਨੂੰ ਸਿੱਖਿਅਤ ਕਰਨ ਲਈ ਵੱਧ ਏਜੰਸੀਆਂ ਨਾਲ ਤਾਲਮੇਲ ਬਿਠਾਉਣਾ ਜਾਰੀ ਰੱਖਣ।

**ਟੀਚਾ 1:**

ਭਾਈਚਾਰੇ ਦੇ ਸਦੱਸਾਂ ਨਾਲ ਰਿਸ਼ਤੇ ਬਣਾਉਣ ਅਤੇ ਸੋਮੇ ਸਾਂਝੇ ਕਰਨ ਲਈ ਭਾਈਚਾਰੇ ਵਿੱਚ ਹੋਰ ਵੱਡੀ ਮੌਜੂਦਗੀ ਦਾ ਨਿਰਮਾਣ ਕਰਨਾ। ਭਾਈਚਾਰਕ ਥਾਂਵਾਂ ਵਿਖੇ ਮੀਟਿੰਗਾਂ ਕਰਨ ਨੂੰ ਤਰਜੀਹ ਦੇਣਾ, ਆਉਟਰੀਚ ਟੀਮ ਵਧਾਉਣਾ ਅਤੇ ਵੱਧ ਭਾਈਚਾਰਕ ਏਜੰਸੀਆਂ ਦੇ ਨਾਲ ਸੰਬੰਧ ਬਣਾਉਣ ਨੂੰ ਜਾਰੀ ਰੱਖਣਾ।

**ਟੀਚਾ 2:**

ਭਾਈਚਾਰਕ ਭਾਈਵਾਲਾਂ ਨੂੰ ਇਸ ਬਾਰੇ ਦੱਸਣਾ ਕਿ ਰੀਜਨਲ ਸੈਂਟਰ ਕੀ ਹੈ ਅਤੇ ਕਿਹੜੀਆਂ ਸੇਵਾਵਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ।

**ਟੀਚਾ 3:**

ਕਈ ਭਾਸ਼ਾਵਾਂ ਵਿੱਚ, ਰੀਜਨਲ ਸੈਂਟਰ ਬਾਰੇ ਜਾਣਕਾਰੀ ਦੇ ਛੋਟੇ-ਛੋਟੇ ਵੀਡੀਓ ਦੀ ਸੀਰੀਜ ਤਿਆਰ ਕਰਨਾ।

# ਸਟਾਫ਼ ਦਾ ਪ੍ਰੋਫਾਈਲ - ਅਰਲੀ ਸਟਾਰਟ ਸੇਵਾ (EARLY START SERVICE) ਕੋਆਰਡੀਨੇਟਰ ਕਾਇਲਾ ਓਲਸਨ (KAYLA OLSEN)



ਕਾਇਲਾ ਓਲਸਨ ਨੇ 2013-2014 ਤੋਂ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ ਸੈਕਰਾਮੈਂਟੋ (California State University Sacramento) ਵਿਖੇ ਆਪਣੇ ਅੰਡਰਗ੍ਰੈਜੂਏਟ ਪ੍ਰੋਗਰਾਮ ਵਿੱਚ ਹੋਣ ਵੇਲੇ ACRC ਵਿੱਚ ਇੰਟਰਨਸ਼ਿਪ ਸਵੀਕਾਰ ਕੀਤੀ ਸੀ। 2017 ਦੇ ਅੰਤ ਵਿੱਚ, ਕਾਇਲਾ ਯੂਨੀਵਰਸਿਟੀ ਔਫ ਵਾਸ਼ਿੰਗਟਨ (University of Washington) ਤੋਂ ਆਪਣੀ ਮਾਸਟਰ ਡਿਗਰੀ ਦੇ ਨਾਲ ਗ੍ਰੈਜੂਏਟ ਹੋਈ। ਉਹਨਾਂ ਨੂੰ ਪਤਾ ਸੀ ਕਿ ਉਹ ਅਰਲੀ ਸਟਾਰਟ ਸਰਵਿਸ ਕੋਆਰਡੀਨੇਟਰ (SC) ਵਜੋਂ ਕੰਮ ਕਰਨਾ ਚਾਹੁੰਦੀ ਹੈ ਅਤੇ ਉਹਨਾਂ ਨੂੰ 3 ਜੁਲਾਈ, 2017 ਨੂੰ ਕੰਮ 'ਤੇ ਰੱਖਿਆ ਗਿਆ। ਕਾਇਲਾ ਨੂੰ ਬੱਚਿਆਂ ਅਤੇ ਨਵੇਂ ਬਣੇ ਮਾਪਿਆਂ ਨਾਲ ਕੰਮ ਕਰਨਾ ਬਹੁਤ ਪਸੰਦ ਹੈ। ਉਸਨੂੰ ਅਜਿਹਾ ਵਿਅਕਤੀ ਹੋਣਾ ਮਹੱਤਵਪੂਰਣ ਲੱਗਦਾ ਹੈ, ਜਿਸ ਉੱਤੇ ਮਾਪੇ ਯਕੀਨ ਅਤੇ ਭਰੋਸਾ ਕਰਦੇ ਹਨ ਅਤੇ ਅਜਿਹਾ ਵਿਅਕਤੀ ਹੋਣ 'ਤੇ ਮਾਣ ਹੈ, ਜੋ ਮਾਪਿਆਂ ਦੀ ਲੋੜ ਸਮੇਂ ਉਹਨਾਂ ਦੇ ਕੰਮ ਆਉਂਦਾ ਹੈ। ਕਾਇਲਾ ਨੂੰ ਰਿਸ਼ਤਿਆਂ ਦੀ, ਜੋ ਉਸਨੇ ACRC ਵਿਖੇ ਬਣਾਏ ਹਨ ਅਤੇ ਆਪਣੇ ਸਹਿਕਰਮੀਆਂ ਦੇ ਲਚਕੀਲੇਪਣ, ਸਹਿਯੋਗ ਅਤੇ ਸਮਝ ਦੀ ਕਦਰ ਹੈ।

3 ਜੁਲਾਈ, 2023 ਨੂੰ, ਕਾਇਲਾ SC ਵਜੋਂ ਆਪਣੇ ਕੈਰੀਅਰ ਦੀ ਸ਼ੁਰੂਆਤ ਦੇ ਠੀਕ 6 ਸਾਲਾਂ ਬਾਅਦ, ਕਲਾਇੰਟ ਸਰਵਿਸਿਜ਼ ਮੈਨੇਜਰ ਵਜੋਂ ਆਪਣੀ ਨਵੀਂ ਭੂਮਿਕਾ ਸ਼ੁਰੂ ਕਰੇਗੀ। ਮਾਂ ਬਣਨ ਤੋਂ ਬਾਅਦ, ਕਾਇਲਾ ਸਮਝਦੀ ਹੈ ਕਿ ਉਸਦਾ ਦ੍ਰਿਸ਼ਟੀਕੋਣ ਖੇਤਰ ਬਦਲ ਗਿਆ ਹੈ। ਉਸਨੂੰ ਪਤਾ ਹੈ ਕਿ ਮਾਪਿਆਂ ਨੂੰ ਇਹ ਜਾਣ ਕੇ ਬਹੁਤ ਤਸੱਲੀ ਮਿਲਦੀ ਹੈ ਕਿ ਉਹ ਆਪਣੇ ਬੱਚੇ ਦੇ ਵਿਕਾਸ ਬਾਰੇ ਆਪਣੀ ਸੁਚੇਤਤਾ ਅਤੇ ਚਿੰਤਾਵਾਂ ਵਿੱਚ ਇਕੱਲੇ ਨਹੀਂ ਹਨ। ਉਹ ਆਪਣੇ ਖੁਦ ਦੇ ਬੱਚਿਆਂ ਦੇ ਵਿਕਾਸ ਤੋਂ ਪੂਰੀ ਤਰ੍ਹਾਂ ਸੁਚੇਤ ਹੈ ਅਤੇ 2½ ਸਾਲ ਦੇ ਜੁੜਵਾਂ ਬੱਚਿਆਂ, ਐਮੇਟ (Emmett) ਅਤੇ ਅਮੇਲਿਆ (Amelia) ਦਾ ਪਾਲਣ-ਪੋਸ਼ਣ ਕਰ ਰਹੀ ਹੈ, ਜੋ ਉਸਦੀ ਖੁਸ਼ਨੁਮਾ ਜ਼ਿੰਦਗੀ ਦਾ ਆਧਾਰ ਹਨ। ਉਹ ਉਹਨਾਂ ਨੂੰ 49er ਪ੍ਰਸ਼ੰਸਕ ਬਣਨ ਦੀ ਟ੍ਰੇਨਿੰਗ ਦੇ ਰਹੀ ਹੈ! ਉਸਦੇ ਜੁੜਵਾਂ ਬੱਚੇ ਹਸਮੁੱਖ ਅਤੇ ਪਿਆਰੇ ਹਨ ਅਤੇ ਉਹਨਾਂ ਨੂੰ ਮਿਲਕੇ ਉਸਦੀ ਦਿਨ ਭਰ ਦੀ ਥਕਾਵਟ ਦੂਰ ਹੋ ਜਾਂਦੀ ਹੈ। ਕਾਇਲਾ ਨੂੰ ਭੋਜਨ ਪਕਾਉਣਾ, ਵੱਖ-ਵੱਖ ਭੋਜਨ ਅਜਮਾਉਣਾ, ਯਾਤਰਾ ਕਰਨਾ ਅਤੇ ਵੱਖੋ-ਵੱਖਰੇ ਸੱਭਿਆਚਾਰਾਂ ਬਾਰੇ ਜਾਣਨਾ ਬਹੁਤ ਪਸੰਦ ਹੈ। ਉਹ ਆਪਣੀ ਨਵੀਂ ਭੂਮਿਕਾ ਨਿਭਾਉਣ ਲਈ ਉਤਸ਼ਾਹਿਤ ਹੈ।

# ਕਲਾਇੰਟ ਸਲਾਹਕਾਰ ਕਮੇਟੀ - ਪਰਿਚੈ ਕਾਰਜਕਰਮ 12 ਸਤੰਬਰ, 2023 - ਦੁਪਹਿਰ 12:30 ਵਜੇ - 2:00 ਵਜੇ ਤੱਕ



12 ਸਤੰਬਰ, 2023 ਨੂੰ, ACRC ਦੀ ਕਲਾਇੰਟ ਸਲਾਹਕਾਰ ਕਮੇਟੀ (CAC) ਆਪਣੀ ਸਤੰਬਰ ਦੀ ਮਾਸਿਕ ਮੀਟਿੰਗ ਤੋਂ ਪਹਿਲਾਂ ਪਰਿਚੈ ਕਾਰਜਕਰਮ ਦੀ ਮੇਜ਼ਬਾਨੀ ਕਰੇਗੀ। ਕਿਰਪਾ ਕਰਕੇ ਲੋਕਾਂ ਨਾਲ ਮਿਲਣ-ਜੁਲਣ, ਨਾਸ਼ਤੇ ਦਾ ਅਨੰਦ ਲੈਣ ਅਤੇ CAC ਦੀਆਂ ਗਤੀਵਿਧੀਆਂ ਬਾਰੇ ਵਧੇਰੇ ਜਾਣਨ ਲਈ ACRC ਦੇ ਹਾਰਵਰਡ ਔਫਿਸ (ACRC's Harvard Office) ਵਿਖੇ ਆਓ। ਪਰਿਚੈ ਕਾਰਜਕਰਮ ਦੁਪਹਿਰ 12:30 ਵਜੇ - 2:00 ਵਜੇ ਤੱਕ ਹੋਵੇਗਾ। ਸਾਨੂੰ ਆਸ ਹੈ ਕਿ ਪਰਿਚੈ ਕਾਰਜਕਰਮ ਵਿੱਚ ਸ਼ਾਮਲ ਹੋਣ ਵਾਲੇ ਰੀਜਨਲ ਸੈਂਟਰ ਦੇ ਕਲਾਇੰਟ CAC ਮੀਟਿੰਗ ਵਿੱਚ ਸ਼ਾਮਲ ਹੋਣਗੇ, ਜੋ ਦੁਪਹਿਰ 2:00 ਵਜੇ ਸ਼ੁਰੂ ਹੋਵੇਗੀ।

# ACRC ਦੀ ਇਨਟੇਕ ਅਤੇ ਕਲੀਨਿਕਲ ਟੀਮ

ਲੈਂਟਰਮੈਨ ਐਕਟ ਇਨਟੇਕ (Lanterman Act Intake) (3 ਸਾਲ ਅਤੇ ਵੱਧ ਉਮਰ ਦੇ)

ਪਿਛਲੇ ਕਈ ਸਾਲਾਂ ਤੋਂ, ACRC ਨੇ ਸੇਵਾਵਾਂ ਲਈ ਅਰਜ਼ੀ ਦੇਣ ਵਾਲੇ ਬਿਨੈਕਾਰਾਂ ਦੀ ਸੰਖਿਆ ਵਿੱਚ ਥੋੜ੍ਹਾ ਵਾਧਾ ਵੇਖਿਆ ਹੈ। ਅਸੀਂ ਕਈ ਆਉਟਰੀਚ ਕਾਰਜਕਰਮਾਂ ਵਿੱਚ ਹਿੱਸਾ ਲਿਆ ਹੈ, ਜਿਹਨਾਂ ਨੇ ਇਸ ਵਾਧੇ ਵਿੱਚ ਯੋਗਦਾਨ ਦਿੱਤਾ ਹੈ, ਜਿਹਨਾਂ ਨੂੰ ਅਸੀਂ ਖੁਸ਼ੀ ਨਾਲ ਸਾਂਝਾ ਕਰਾਂਗੇ। ਅਸੀਂ ਸਾਡੀਆਂ ਇਨਟੇਕ ਸਮਾਂ ਸੀਮਾਵਾਂ ਨੂੰ ਪੂਰੀਆਂ ਕਰਨ ਵਿੱਚ ਦੇਰੀਆਂ ਤੋਂ ਵੀ ਕਾਫੀ ਸੁਚੇਤ ਹਾਂ। ਇਹ ਲੇਖ ਉਹਨਾਂ ਕਾਰਜਨੀਤੀਆਂ ਅਤੇ ਯਤਨਾਂ ਨੂੰ ਸਾਡੇ ਭਾਈਚਾਰੇ ਨਾਲ ਸਾਂਝਾ ਕਰਨ ਲਈ ਲਿਖਿਆ ਗਿਆ ਹੈ, ਜੋ ਅਸੀਂ ਇਨਟੇਕ ਪ੍ਰਕਿਰਿਆ ਨੂੰ ਜਲਦੀ ਤੋਂ ਜਲਦੀ ਪੂਰੀ ਕਰਨ ਲਈ ਅਪਨਾ ਰਹੇ ਹਾਂ। ਉਹਨਾਂ ਕਾਰਜਨੀਤੀਆਂ ਨੂੰ ਸਾਂਝਾ ਕਰਨ ਤੋਂ ਪਹਿਲਾਂ, ਅਸੀਂ ਡੇਟਾ ਸਾਂਝਾ ਕਰਨਾ ਚਾਹੁੰਦੇ ਹਾਂ: 2020 ਵਿੱਚ, ACRC ਨੇ ਪ੍ਰਤੀ ਮਹੀਨਾ 97 ਬਿਨੈਕਾਰਾਂ ਦੀ ਔਸਤ ਕੱਢੀ ਸੀ; 2023 ਵਿੱਚ, ਅਸੀਂ 100% ਵਾਧਾ ਦਰਸਾਉਂਦੇ ਹੋਏ ਪ੍ਰਤੀ ਮਹੀਨਾ 197 ਬਿਨੈਕਾਰਾਂ ਦੀ ਔਸਤ ਕੱਢ ਰਹੇ ਹਾਂ।

ਕੁਝ ਕਾਰਜਨੀਤੀਆਂ, ਜੋ ਅਸੀਂ ਅਪਨਾਈਆਂ ਹਨ, ਉਹਨਾਂ ਵਿੱਚ ਸ਼ਾਮਲ ਹਨ, ਪਰੰਤੂ ਇਹਨਾਂ ਤੱਕ ਸੀਮਿਤ ਨਹੀਂ ਹਨ:

- ਇਨਟੇਕ ਵਿੱਚ ਸਹਾਇਤਾ ਲਈ ਵਾਧੂ ਸਟਾਫ਼ ਨੂੰ ਕੰਮ ‘ਤੇ ਰੱਖਣਾ
- ਪਾਤਰਤਾ ਸਮੀਖਿਆਵਾਂ ਪੂਰੀਆਂ ਕਰਨ ਵਿੱਚ ਸਹਾਇਤਾ ਲਈ ਸਾਡੇ ਇਨਟੇਕ ਅਤੇ ਕਲੀਨਿਕਲ ਸਟਾਫ਼ ਲਈ ਓਵਰਟਾਈਮ ਮੌਕੇ ਮੁਹੱਈਆ ਕਰਨਾ
- ਮਾਰਕੀਟ ਰੇਟ ‘ਤੇ ਵਿਕਰੇਤਾ ਕਲੀਨੀਸ਼ੀਅਨਾਂ ਦੀ ਫੰਡਿੰਗ ਵਿੱਚ ਸਹਾਇਤਾ ਲਈ ਰਾਜ ਵੱਲੋਂ ਤੈਅ ਵਿਚਕਾਰਲੇ ਰੇਟਾਂ ਦੀ ਛੋਟ ਲਈ AB 637 ਜਨਤਕ ਪ੍ਰਕਿਰਿਆ ਦੀ ਪ੍ਰਵਾਨਗੀ
- ਸਾਡੇ ਵਿਕਰੇਤਾ ਕਲੀਨੀਸ਼ੀਅਨਾਂ ਵੱਲੋਂ ਦਿੱਤੀਆਂ ਗਈਆਂ ਵਧੀਆਂ ਹੋਈਆਂ ਮਾਨਸਿਕ ਮੁਲਾਂਕਣ ਮੁਲਾਕਾਤਾਂ ਪੇਸ਼ ਕਰਨਾ

ਸਾਡੀ ਬਹੁਤ ਹੀ ਸ਼ਾਨਦਾਰ ਸਹਿਯੋਗਪੂਰਣ ਅਤੇ ਸਮਰਪਿਤ ਇਨਟੇਕ ਅਤੇ ਕਲੀਨਿਕਲ ਟੀਮ ਹੈ। ਉਹ ਕੁਆਲਿਟੀ ਸਮਾਜਿਕ ਮੁਲਾਂਕਣ ਰਿਪੋਰਟਾਂ ਮੁਹੱਈਆ ਕਰਕੇ ਬਿਨੈਕਾਰਾਂ ਦੀ ਸਹਾਇਤਾ ਲਈ ਇਕੱਠੇ ਮਿਲ ਕੇ ਕੰਮ ਕਰਦੇ ਹਨ, ਜੋ ਸਾਡੇ ਕਲੀਨੀਸ਼ੀਅਨਾਂ ਦੀ ਪਾਤਰਤਾ ਸਮੀਖਿਆ ਪ੍ਰਕਿਰਿਆ ਵਿੱਚ ਸਹਾਇਤਾ ਕਰਦੀਆਂ ਹਨ। ਸਾਡੇ ਸਟਾਫ਼ ਦੇ ਮਨੋਵਿਗਿਆਨਕ, ਮਾਨਸਿਕ ਮੁਲਾਂਕਣ ਕਰਦੇ ਹਨ ਅਤੇ ਅਸੀਂ ਇਨਟੇਕ ਮਾਹਰਾਂ ਦੇ ਸਹਿਯੋਗ ਨਾਲ ਵੱਡੀ ਸੰਖਿਆ ਵਿੱਚ ਪਾਤਰਤਾ ਸਮੀਖਿਆਵਾਂ ਪੂਰੀਆਂ ਕਰਨ ਲਈ ਸਾਡੇ ਮੈਡੀਕਲ ਡਾਕਟਰਾਂ ਦੇ ਨਾਲ ਪੂਰੇ ਉਤਸ਼ਾਹ ਨਾਲ ਕੰਮ ਕਰ ਰਹੇ ਹਾਂ। ਇਸ ਵਾਸਤੇ ਅਜਿਹੇ ਸਮਰਪਿਤ ਲੋਕਾਂ ਦੀ ਭਾਈਵਾਲੀ ਦੀ ਬੇਹੱਦ ਲੋੜ ਹੈ, ਜਿਹਨਾਂ ਵਿੱਚ ਸਰਬੋਤਮ ਸੇਵਾ ਦੇਣ ਅਤੇ ਇਹ ਵੇਖਣ ਦਾ ਜਜਬਾ ਹੋਵੇ ਕਿ ਇਹ ਨਿਰਧਾਰਤ ਕਰਨ ਵਾਸਤੇ ਬਿਨੈਕਾਰਾਂ ਦਾ ਚੰਗੀ ਤਰ੍ਹਾਂ ਮੁਲਾਂਕਣ ਕੀਤਾ ਜਾਂਦਾ ਹੈ ਕਿ ਕੀ ਉਹ ਰੀਜਨਲ ਸੈਂਟਰ ਦੀਆਂ ਸੇਵਾਵਾਂ ਲਈ ਪਾਤਰਤਾ ਮਾਪਦੰਡ ਨੂੰ ਪੂਰਾ ਕਰਦੇ ਹਨ।

ਪ੍ਰਬੰਧਕਾਂ, ਜਯੋਤੀ ਸ਼ਰਮਾ (Jyoti Sharma) ਅਤੇ ਟਿਮ ਕੁਵਾਜ਼ਾਕੀ (Tim Kuwazaki) ਵੱਲੋਂ ਨਿਗਰਾਨੀ ਵਾਲੀਆਂ ਇਨਟੇਕ ਯੂਨਿਟਾਂ ਨੂੰ ਮੁੱਖ ਇਨਟੇਕ ਮਾਹਰਾਂ ਵੱਲੋਂ ਮੁਹੱਈਆ ਕੀਤੀ ਜਾਂਦੀ ਵਾਧੂ ਸਹਾਇਤਾ ਮਿਲਦੀ ਹੈ। ਉਹ ਲੋੜ ਪੈਣ ‘ਤੇ ਟ੍ਰੇਨਿੰਗ ਮੁਹੱਈਆ ਕਰਕੇ ਪ੍ਰਬੰਧਕਾਂ ਅਤੇ ਟੀਮਾਂ ਦੀ ਸਹਾਇਤਾ ਕਰਦੇ ਹਨ। ਹਿਲੇਰੀ ਸੈਨਟਿਆਗੋ (Hillary Santiago) ਅਤੇ ਬ੍ਰੈਂਡੀ ਸਟੀਵਾਰਟ (Brandy Stewart) ਨੂੰ ਖਾਸ ਮਾਨਤਾ ਦਿੱਤੀ ਗਈ ਹੈ, ਜੋ ਸਾਡੇ ਕਲਾਇੰਟਾਂ ਅਤੇ ਸਾਡੀ ਏਜੰਸੀ ਦੇ ਮਿਸ਼ਨ ਦੇ ਪ੍ਰਤੀ ਆਪਣੇ ਸਮਰਪਣ ਅਤੇ ਜਜਬੇ ਦੇ ਦੁਆਰਾ, ਹਰ ਰੋਜ਼ ਲਗਾਤਾਰ ਸ਼ਾਨਦਾਰ ਕੰਮ ਕਰ ਰਹੇ ਹਨ।



ਹਿਲੇਰੀ ਸੈਨਟਿਆਗੋ
ਮੁੱਖ ਇਨਟੇਕ ਮਾਹਰ




ਬ੍ਰੈਂਡੀ ਸਟੀਵਾਰਟ
ਮੁੱਖ ਇਨਟੇਕ ਮਾਹਰ

ਜਾਰੀ

# ACRC ਦੀ ਇਨਟੇਕ ਅਤੇ ਕਲੀਨਿਕਲ ਟੀਮ

ਜਾਰੀ



ਡਾ. ਸਿੰਥੀਆ ਰੂਟ
(Cynthia Root)
ਮੁੱਖ ਮਨੋਵਿਗਿਆਨਕ

ਇਸ ਤੋਂ ਇਲਾਵਾ, ਅਸੀਂ ਮੁੱਖ ਮਨੋਵਿਗਿਆਨਕ, ਸਿੰਥੀਆ ਰੂਟ, PhD ਦੇ ਧੰਨਵਾਦੀ ਹਾਂ ਕਿ ਉਹ ਕਲੀਨਿਕਲ ਟੀਮ ਨੂੰ ਸਹਾਇਤਾ ਮੁਹੱਈਆ ਕਰ ਰਹੇ ਹਨ; ਇਨਟੇਕ ਮਾਹਰਾਂ ਨੂੰ ਟ੍ਰੇਨਿੰਗ ਦੇ ਰਹੇ ਹਨ; ਸਾਡੇ ਕਾਂਟਰੈਕਟ ਵਾਲੇ ਮਨੋਵਿਗਿਆਨਕਾਂ ਨਾਲ ਮਸ਼ਵਰੇ ਕਰ ਰਹੇ ਹਨ; ਅਤੇ ਹੋਰ ਬਹੁਤ ਕੁਝ।

ਅਸੀਂ ਵਾਧੂ ਕਲੀਨੀਸ਼ੀਅਨਾਂ ਵਜੋਂ ਕੈਟਰੀਨਾ ਜੁਆਨ-ਫਿਸ਼ਮੈਨ (Catarina Juan-Fishman), PsyD ਅਤੇ ਸਿੰਧੂ ਫਿਲਿਪ, (Sindhu Philip), PsyD ਨੂੰ ਵੀ ਮਾਨਤਾ ਦਿੰਦੇ ਹਾਂ, ਜੋ ਉੱਚ ਮਾਨਕ ਤੈਅ ਕਰਦੇ ਹਨ ਅਤੇ ਸਾਡੀ ਇਨਟੇਕ ਅਤੇ ਕਲੀਨਿਕਲ ਟੀਮ ਲਈ ਬਹੁਮੁੱਲਾ ਸਹਿਯੋਗ ਹਨ।

ਅਸੀਂ ਸਾਡੇ ਮੈਡੀਕਲ ਡਾਕਟਰਾਂ ਦੇ ਧੰਨਵਾਦੀ ਹਾਂ, ਜੋ ਪ੍ਰਕਿਰਿਆ ਦੇ ਪ੍ਰਤੀ ਆਪਣੀ ਵਿਅਕਤੀਗਤ ਅਤੇ ਸਮੂਹਿਕ ਮੁਹਾਰਤ ਮੁਹੱਈਆ ਕਰਦੇ ਹੋਏ ਪਾਤਰਤਾ ਸਮੀਖਿਆ ਟੀਮ ਦੇ ਨਾਲ ਮਿਲ ਕੇ ਕੰਮ ਕਰਦੇ ਹਨ। ਖਾਸ ਮਾਨਤਾ ਬਾਰਬਰਾ ਫ੍ਰੀਡਮੈਨ (Barbara Friedman), MD ਅਤੇ ਕੇਟ ਮਿਲਰੋਇ (Kate Milroy), MD ਨੂੰ ਦਿੱਤੀ ਜਾਂਦੀ ਹੈ।

ਕਿਉਂਕਿ ਅਸੀਂ ਇੱਕ ਏਜੰਸੀ ਵਜੋਂ ਲਗਾਤਾਰ ਵਿਕਾਸ ਕਰ ਰਹੇ ਹਾਂ, ਅਸੀਂ ਮੁਲਾਂਕਣ, ਸਮੱਸਿਆਵਾਂ ਦੂਰ ਕਰਨਾ ਅਤੇ ਉਹਨਾਂ ਕਾਰਜਨੀਤੀਆਂ ਨੂੰ ਲਾਗੂ ਕਰਨਾ ਜਾਰੀ ਰੱਖਾਂਗੇ, ਜੋ ਸਾਡੇ ਬਿਨੈਕਾਰਾਂ ਲਈ ਸਮੇਂ ਸਿਰ ਇਨਟੇਕ ਪ੍ਰਕਿਰਿਆ ਵਿੱਚ ਸਹਾਇਤਾ ਕਰਦੀਆਂ ਹਨ, ਤਾਂ ਜੋ ਉਹ ਆਪਣੇ ਖੁਦ ਦੇ ਭਾਈਚਾਰਿਆਂ ਵਿੱਚ ਤੰਦਰੁਸਤ ਅਤੇ ਉਪਯੋਗੀ ਜ਼ਿੰਦਗੀਆਂ ਹਾਸਲ ਕਰਨ ਦੇ ਸਰੋਤ ਵਜੋਂ ਜ਼ਿੰਦਗੀ ਭਰ ਦੀ ਯੋਜਨਾ ਬਣਾਉਣ ਦੇ ਦੁਆਰਾ ਸੇਵਾਵਾਂ ਅਤੇ ਸਹਾਇਤਾਵਾਂ ਤੱਕ ਪਹੁੰਚ ਸਕਣ।

ਡਾ. ਕੇਟ ਮਿਲਰੋਇ
(Dr. Kate Milroy)



# ACRC ਨੇ ਦੂਜੇ ਮਾਈਕ੍ਰੋਐਂਟਰਪ੍ਰਾਈਜ ਮੇਲੇ ਦੀ ਮੇਜਬਾਨੀ ਕੀਤੀ

22 ਜੂਨ, 2023 ਨੂੰ, ACRC ਨੇ ਕਲਾਇੰਟਾਂ ਵਾਸਤੇ ਆਪਣੀਆਂ ਕ੍ਰਾਫਟ ਚੀਜ਼ਾਂ, ਭੋਜਨ ਪਦਾਰਥ ਅਤੇ ਬੇਜੋੜ ਵਸਤਾਂ ਵੇਚਣ ਲਈ ਦੂਜੇ ਮੌਕੇ ਦਾ ਆਯੋਜਨ ਕੀਤਾ ਸੀ।











# DSP ਸਹਿਯੋਗਾਤਮਕ - ਅਪਾਹਜਪੁਣਾ ਇੰਡਸਟਰੀ ਕੈਰੀਅਰ ਐਕਸਪੋ


DSP COLLABORATIVE
Direct Support Professionals
Leading with Inclusion and Working with Purpose

ACRC ਅਤੇ VMRC DSP ਮਿਲਕੇ ਸੈਕਰਾਮੈਂਟੋ ਅਤੇ ਲੋਡੀ ਵਿੱਚ ਅਪਾਹਜਪੁਣਾ ਇੰਡਸਟਰੀ ਕੈਰੀਅਰ ਐਕਸਪੋ ਆਯੋਜਿਤ ਕਰਦੇ ਹਨ।
https://dspcollaborative.org/

Alta California
Regional Center

VALLEY MOUNTAIN REGIONAL CENTER












## DISABILITY INDUSTRY CAREER EXPO


















# ਸੱਭਿਆਚਾਰਕ ਵਿਵਿਧਤਾ ਮਾਹਰ - ਸ਼ਾਮਿਰ ਗ੍ਰਿਫਿਨ







ਵਰਤਮਾਨ ਵਿੱਚ ਮੇਰਾ ਪਰਿਚੈ ਦੇਣ ਲਈ ਉਸ ਰਸਤੇ ਬਾਰੇ ਜਾਣਨ ਦੀ ਲੋੜ ਹੈ, ਜਿਸ ਉੱਤੇ ਮੇਰਾ ਪਰਿਵਾਰ ਪੀੜ੍ਹੀਆਂ ਤੋਂ ਚੱਲ ਰਿਹਾ ਹੈ, ਅਸੀਂ ਦੁਆਵਾਂ, ਬਦਨਸੀਬੀ ਅਤੇ ਇੱਕ ਮੌਕੇ ਦੀ ਆਸ ਦਾ ਨਤੀਜਾ ਹਾਂ, ਜਿਸ ਵਾਸਤੇ ਸਾਡੇ ਪੜਦਾਦੇ, ਪੜਦਾਦੀਆਂ ਅਤੇ ਟ੍ਰਾਂਸਜੈਂਡਰ ਵਡੇਰਿਆਂ ਨੇ ਸੰਘਰਸ਼ ਕੀਤਾ। ਮੇਰੀ ਸੁਰਗਵਾਸੀ ਮਾਂ ਅਧਿਆਪਿਕਾ, ਮਿਨਿਸਟਰ ਸੀ ਅਤੇ ਉਹਨਾਂ ਨੇ ਚਿਕਿਤਸਾ ਦਾ ਰਸਤਾ ਅਪਨਾ ਕੇ, ਜੋ ਪਹਿਲਾਂ ਉਹਨਾਂ ਦੀ ਮਾਤਾ ਅਤੇ ਦਾਦੀ ਨੇ ਅਪਨਾਇਆ ਸੀ, ਵਾਲੰਟੀਅਰ ਵਜੋਂ ਬਹੁਤ ਸਾਰੇ ਲੋੜਵੰਦ ਲੋਕਾਂ ਦੀ ਮਦਦ ਕੀਤੀ। ਮੇਰੇ ਪਿਤਾ ਨੇ ਮੇਰੇ ਜੀਵਨ ਕਾਲ ਵਿੱਚ ਕਈ ਨੌਕਰੀਆਂ ਕੀਤੀਆਂ ਅਤੇ ਆਪਣੇ ਪਿਤਾ ਵਾਂਗ ਉਹਨਾਂ ਦੇ ਹੱਥਾਂ ਵਿੱਚ ਨਿੰਪੁਨਤਾ ਸੀ ਅਤੇ ਨੈਤਿਕਤਾ ਅਤੇ ਜ਼ਿੰਮੇਵਾਰੀ ਨਾਲ ਕੰਮ ਕਰਨ ਦਾ ਮਜ਼ਬੂਤ ਜਜਬਾ ਸੀ। ਹਾਲਾਂਕਿ ਅਸੀਂ ਗਰੀਬ ਸਾਂ ਅਤੇ ਜਦੋਂ ਮੈਂ ਛੋਟਾ ਹੁੰਦਾ ਸੀ ਤਾਂ ਮੇਰੇ ਮਾਪੇ ਵੱਖ ਹੋ ਗਏ ਸਨ ਪਰੰਤੂ ਉਹਨਾਂ ਨੇ ਉਸ ਕੌੜੀ ਸੱਚਾਈ ਦਾ ਸਾਮ੍ਹਣਾ ਕਰਦੇ ਹੋਏ, ਯਕੀਨੀ ਬਣਾਇਆ ਕਿ ਮੈਂ ਇਹ ਦੋਵੇਂ ਚੀਜ਼ਾਂ ਸਿੱਖ ਲਵਾਂ। ਮੇਰੀ ਮਾਤਾ ਅਕਸਰ ਮੇਰੇ ਭਤੀਜੇ ਅਤੇ ਮੈਨੂੰ, ਸ਼ੋਸ਼ਿਤ ਔਰਤਾਂ ਦੇ ਸ਼ੈਲਟਰਾਂ ਅਤੇ ਹਾਫਵੇ ਘਰਾਂ ਵਿਖੇ ਵਾਲੰਟੀਅਰ ਵਜੋਂ ਕੰਮ ਕਰਨ ਲਈ ਲੈ ਜਾਂਦੀ ਸੀ। ਮੇਰੇ ਪਿਤਾ ਸਾਨੂੰ ਵਾੜਾਂ ਬਣਾਉਣ ਜਾਂ ਛੋਟੇ-ਮੋਟੇ ਲੈਂਡਸਕੇਪਿੰਗ ਦੇ ਕੰਮਾਂ ਲਈ ਸਾਨੂੰ ਨਾਲ ਲੈ ਜਾਂਦੇ ਸਨ, ਜਦੋਂ ਅਸੀਂ ਐਲੀਮੈਂਟਰੀ ਸਕੂਲ ਵਿੱਚ ਸਾਂ। ਇਹਨਾਂ ਸਬਕਾਂ ਦੇ ਨਾਲ-ਨਾਲ ਉਹਨਾਂ ਵੱਲੋਂ ਮੈਨੂੰ ਸਵੀਕਾਰ ਕਰਨ ਦਾ ਨੁਕਸਾਨ ਵੀ ਸ਼ਾਮਲ ਸੀ, ਜਦੋਂ ਮੈਂ LGBTQIA ਭਾਈਚਾਰੇ ਦਾ ਮੈਂਬਰ ਸਾਬਤ ਹੋਇਆ, ਤਾਂ ਮੈਂ ਦੂਜਿਆਂ ਦੇ ਸੰਘਰਸ਼ਾਂ ਬਾਰੇ ਜਾਣਨਾ ਅਤੇ ਉਹਨਾਂ ਲਈ ਅਤੇ ਖੁਦ ਲਈ ਹਿਮਾਇਤ ਕਰਨਾ ਸ਼ੁਰੂ ਕੀਤਾ।

ਗੁੱਸੇ, ਅਣਗਹਿਲੀ, ਬੇਆਸਰੇ ਅਤੇ ਨਿਰਾਸ਼ਾ ਨਾਲ ਭਰਿਆ ਮੈਂ, 3 ਸਾਲਾਂ ਤੱਕ ਗਿਵ ਐਵਰੀ ਚਾਈਲਡ ਅ ਚਾਂਸ (Give Every Child a Chance) ਦੇ ਬੱਚਿਆਂ ਦੇ ਨਾਲ, ਦ ਸੈਨ ਜੋਆਕਵਿਨ ਕਾਉਂਟੀ ਪ੍ਰਾਈਡ ਸੈਂਟਰ (The San Joaquin County Pride Center) ਅਤੇ ਡੇਢ ਸਾਲ ਤੱਕ ਜੋਖਮ ਵਿੱਚ ਹੋਣ ਵਾਲੀ LGBTQIA ਅਬਾਦੀ ਦੇ ਨਾਲ, 5 ਸਾਲਾਂ ਤੱਕ ਵਿਵਹਾਰਕ ਥੈਰੇਪਿਸਟ ਵਜੋਂ ਮੇਰੇ ਐਡਵਾਂਸ ਲੋੜਾਂ ਵਾਲੇ ਕਲਾਇੰਟਾਂ ਦੇ ਨਾਲ ਪੂਰੇ ਦਿਲ ਨਾਲ ਕੰਮ ਕਰ ਸਕਿਆ। ਬਾਅਦ ਵਿੱਚ ਮੈਂ ਇੱਕ ਸਥਾਨਕ ਪਰਿਵਾਰਕ ਸੋਮਾ ਸੈਂਟਰ; ਲਾ ਫੈਮਿਲਿਆ ਕਾਉਂਸਲਿੰਗ ਸੈਂਟਰ ਇੰਕ (La Familia Counseling Center Inc) ਲਈ ਕੰਮ ਕਰਨ ਚਲਾ ਗਿਆ, ਜਿੱਥੇ ਮੈਂ ਪਰਿਵਾਰਕ ਸੋਮਾ ਸੈਂਟਰ ਕੋਆਰਡੀਨੇਟਰ ਵਜੋਂ ਇੱਕ ਸਾਲ ਤੱਕ ਲੰਮੇ ਸਮੇਂ ਤੋਂ ਵਾਂਝੇ ਹੋਰਾਂ ਭਾਈਚਾਰਿਆਂ ਬਾਰੇ ਵਧੇਰੇ ਜਾਣ ਸਕਿਆ। ਇਹਨਾਂ ਸਾਰੇ ਤਜ਼ਰਬਿਆਂ ਦੇ ਨਾਲ ਮੈਂ ਉਹਨਾਂ ਭਾਈਚਾਰਿਆਂ, ਜਿਸ ਨਾਲ ਮੈਂ ਸੰਬੰਧ ਰੱਖਦਾ ਸੀ ਅਤੇ ਉਹਨਾਂ ਦੀਆਂ, ਜਿਹਨਾਂ ਬਾਰੇ ਮੈਨੂੰ ਸਿਰਫ਼ ਉਦੋਂ ਹੀ ਪਤਾ ਲੱਗਾ, ਕਈ ਕਹਾਣੀਆਂ ਸੁਣੀਆਂ। ਮਨ ਇੱਕ ਅਜਿਹਾ ਬਾਗ ਹੈ, ਜਿਸਨੂੰ ਚੰਗੀ ਤਰ੍ਹਾਂ ਪੋਸ਼ਣ ਮਿਲੇ ਤਾਂ ਇਸ ਵਿੱਚ ਬਹਾਰ ਆ ਸਕਦੀ ਹੈ ਅਤੇ ਇਹ ਸਿਆਣਪ ਦੇ ਬਹੁਤ ਸਾਰੇ ਫਲ ਦੇ ਸਕਦਾ ਹੈ ਅਤੇ ਇਹਨਾਂ ਏਜੰਸੀਆਂ ਦੇ ਨਾਲ ਕੰਮ ਕਰਨ ਅਤੇ ਮੇਰੇ ਆਪਣੇ ਲੋਕ ਭਲਾਈ ਦੇ ਕੰਮ ਤੋਂ ਮਿਲੇ ਸਮੂਹਿਕ ਅਨੁਭਵਾਂ ਨੇ ਮੈਨੂੰ ਅਲਟਾ ਕੈਲੀਫੋਰਨੀਆ ਰੀਜਨਲ ਸੈਂਟਰ (Alta California Regional Center) ਦੇ ਨਾਲ ਲੋੜਵੰਦ ਲੋਕਾਂ ਦੇ ਜ਼ਖਮਾਂ 'ਤੇ ਮਲ੍ਹਮ ਲਗਾਉਣ ਲਈ ਉਤਸ਼ਾਹਿਤ ਕੀਤਾ, ਭਾਵੇਂ ਉਹ ਸੇਵਾ ਕੋਆਰਡੀਨੇਟਰ ਵਜੋਂ ਹੋਵੇ ਜਾਂ ਸੱਭਿਆਚਾਰਕ ਵਿਵਿਧਤਾ ਮਾਹਰ ਵਜੋਂ ਮੇਰੀ ਮੌਜੂਦਾ ਭੂਮਿਕਾ ਹੋਵੇ। ਦਰਦ ਤੋਂ ਜੋ ਸਮਝ ਆਉਂਦੀ ਹੈ, ਉਹ ਸਿਰਫ਼ ਦਵਾਈ ਸੰਬੰਧੀ ਹੁੰਦੀ ਹੈ, ਜੇਕਰ ਉਹਨਾਂ ਦੇ ਜ਼ਖਮਾਂ 'ਤੇ ਲਗਾਈ ਜਾਵੇ, ਜੋ ਅਜੇ ਵੀ ਦਰਦ ਝੇਲ ਰਹੇ ਹਨ, ਜਿਹਨਾਂ ਦੀ ਅਵਾਜ਼ ਨਹੀਂ ਸੁਣੀ ਗਈ ਅਤੇ ਜਿਹਨਾਂ ਦੀ ਅਵਾਜ਼ ਬਾਹਰ ਹੀ ਨਹੀਂ ਆਉਣ ਦਿੱਤੀ ਗਈ। ਦੁਨੀਆ ਦੇ ਅੰਦਰ ਭਾਵੇਂ ਉਹਨਾਂ ਦੀ ਜੋ ਵੀ ਸਥਿਤੀ ਹੋਵੇ, ਸਾਡੇ ਕੋਲ ਚੀਜ਼ਾਂ ਅਜਮਾਉਣ ਅਤੇ ਬਦਲਣ ਦਾ ਵਿਕਲਪ ਹੈ, ਪਰੰਤੂ ਸਾਡੇ ਲਈ ਬਾਅਦ ਦੇ ਨਤੀਜਿਆਂ ਦੇ ਪ੍ਰਤੀ ਵੀ ਜ਼ਿੰਮੇਵਾਰ ਹੋਣਾ ਲਾਜ਼ਮੀ ਹੈ, ਭਾਵੇਂ ਉਹਨਾਂ ਨੂੰ ਸਾਂਭਿਆ ਨਾ ਗਿਆ ਹੋਵੇ।

ਮੈਂ ਕੈਂਸਰ ਤੋਂ ਠੀਕ ਹੋਇਆ ਹਾਂ, ਕਵਿਤਾਵਾਂ ਦੇ ਲੇਖਕ ਵਜੋਂ ਦੋ ਵਾਰ ਅਵਾਰਡ ਜਿੱਤ ਚੁੱਕਿਆ ਹਾਂ, ਭਾਸ਼ਾ ਦਾ ਵਿਦਿਆਰਥੀ ਹਾਂ, ਗ੍ਰਾਸ ਡਾਂਸਰ ਹਾਂ ਅਤੇ ਸਮਾਜਿਕ ਸੇਵਾ ਖੇਤਰ ਵਿੱਚ ਹਾਂ ਅਤੇ ਮੈਂ ਹਰ ਰੋਜ਼ ਗਲਤੀਆਂ ਕਰਦਾ ਹਾਂ ਅਤੇ ਉਹਨਾਂ ਤੋਂ ਸਿੱਖਣ ਜਾਂ ਦੂਜਿਆਂ ਨੂੰ ਉੱਥੇ ਮਿਲ ਕੇ, ਜਿੱਥੇ ਉਹ ਹਨ, ਉੱਥੇ ਨਹੀਂ, ਜਿੱਥੇ ਮੈਂ ਮੰਨਦਾ ਹਾਂ ਕਿ ਉਹਨਾਂ ਨੂੰ ਹੋਣਾ ਚਾਹੀਦਾ ਹੈ, ਸਿਖਾਉਣ ਦਾ ਯਤਨ ਕਰਦਾ ਹਾਂ ਕਿ ਉਹ ਕਿਸ ਤਰ੍ਹਾਂ ਇਹ ਗਲਤੀਆਂ ਨਾ ਕਰਨ।

# ACRC ਨੇ ਸੈਕਰਾਮੈਂਟੋ ਪ੍ਰਾਈਡ ਪਰੇਡ ਵਿੱਚ ਹਿੱਸਾ ਲਿਆ

11 ਜੂਨ, 2023 ਨੂੰ, ACRC ਦੇ ਸਟਾਫ਼ ਨੇ ਸੈਕਰਾਮੈਂਟੋ ਪ੍ਰਾਈਡ ਪਰੇਡ ਵਿੱਚ ਮਾਰਚ ਕੀਤਾ! ਸਾਨੂੰ ਆਪਣੇ ਭਾਈਚਾਰੇ ਦੇ ਨਾਲ ਚੱਲਣ ਅਤੇ ਇਹ ਸੁਨੇਹਾ ਫੈਲਾਉਣ ਦੀ ਖੁਸ਼ੀ ਹੈ ਕਿ ਪਿਆਰ, ਆਖ਼ਰ ਪਿਆਰ ਹੁੰਦਾ ਹੈ।




























# ਕਲਾਇੰਟ ਸਪੌਟਲਾਈਟ - ਗ੍ਰੇਗ ਕੈਰ (GREG CARR) - ਚੈੱਸ ਅਤੇ ਬੈਕਗੈਮਨ ਕਲੱਬ

ਗ੍ਰੇਗ ਨੂੰ ਬਚਪਨ ਤੋਂ ਹੀ ਸ਼ਤਰੰਜ (ਚੈੱਸ) ਅਤੇ ਚੌਪੜ (ਬੈਕਗੈਮਨ) ਵਿੱਚ ਦਿਲਚਸਪੀ ਸੀ। ਉਹਨਾਂ ਨੂੰ ਆਪਣੇ 16ਵੇਂ ਜਨਮਦਿਨ 'ਤੇ ਆਪਣੀ ਦਾਦੀ ਤੋਂ ਆਪਣਾ ਪਹਿਲਾ ਚੌਪੜ ਬੋਰਡ ਮਿਲਿਆ ਸੀ ਅਤੇ ਉਦੋਂ ਤੋਂ ਬੋਰਡ ਨੂੰ ਸਾਂਭ ਕੇ ਰੱਖਿਆ ਹੋਇਆ ਹੈ। ਜਦੋਂ 2021 ਵਿੱਚ ਉਹਨਾਂ ਦੀ ਮਾਤਾ ਦੀ ਮੌਤ ਹੋਈ, ਤਾਂ ਗ੍ਰੇਗ ਨੂੰ ਦਿਲਾਸਾ ਚਾਹੀਦਾ ਸੀ ਅਤੇ ਇਹਨਾਂ ਕਲਾਸਿਕ ਖੇਡਾਂ ਖੇਡਣ ਨਾਲ ਉਹਨਾਂ ਦਾ ਧਿਆਨ ਇਸ ਪਾਸਿਓਂ ਹਟਿਆ, ਉਹਨਾਂ ਨੇ ਆਨੰਦ ਮਾਣਿਆ ਅਤੇ ਭਾਈਚਾਰੇ ਦੇ ਨਾਲ ਜੁੜੇ। ਇਹ ਖੇਡਾਂ ਖੇਡਣ ਦੇ ਉਹਨਾਂ ਦੇ ਪਿਆਰ ਨੇ ਹੀ ਉਹਨਾਂ ਨੂੰ ਆਪਣਾ ਖੁਦ ਦਾ ਚੈੱਸ ਕਲੱਬ ਅਤੇ ਬੈਕਗੈਮਨ ਕਲੱਬ ਬਣਾਉਣ ਲਈ ਉਤਸ਼ਾਹਿਤ ਕੀਤਾ।



ਗ੍ਰੇਗ ਨੇ ਕਈ ਬੈਕਗੈਮਨ ਕਲੱਬਾਂ ਵਿੱਚ ਹਿੱਸਾ ਲਿਆ ਪਰੰਤੂ ਉਹਨਾਂ ਨੂੰ ਇਹਨਾਂ ਦਾ ਸੰਚਾਲਨ ਜਾਂ ਵਿਵਸਥਾ ਦੀ ਕਮੀ ਪਸੰਦ ਨਹੀਂ ਆਈ। ਇਸ ਸਮੱਸਿਆ ਨੂੰ ਵੇਖਦੇ ਹੋਏ, ਉਹਨਾਂ ਨੇ ਇਸਦਾ ਹੱਲ ਲੱਭਿਆ ਅਤੇ ਆਪਣਾ ਬੈਕਗੈਮਨ ਕਲੱਬ ਬਣਾਇਆ, ਜਿਸਦੀ ਪਹਿਲੀ ਮੀਟਿੰਗ ਜੂਨ 2023 ਵਿੱਚ ਹੋਈ ਸੀ। ਬੈਕਗੈਮਨ ਤੋਂ ਇਲਾਵਾ, ਗ੍ਰੇਗ ਨੇ ਮਈ 2023 ਵਿੱਚ ਪਹਿਲੀ ਚੈੱਸ ਕਲੱਬ ਮੀਟਿੰਗ ਆਯੋਜਿਤ ਕੀਤੀ ਸੀ।

ਦੋਵੇਂ ਕਲੱਬ ਮਹੀਨੇ ਵਿੱਚ ਇੱਕ ਵਾਰ ਸਵੇਰੇ 11:30 ਵਜੇ – ਸ਼ਾਮ 4:00 ਵਜੇ ਤੱਕ ਆਯੋਜਨ ਕਰਦੇ ਹਨ, ਬੈਕਗੈਮਨ ਦਾ ਆਯੋਜਨ ਮਹੀਨੇ ਦੇ ਪਹਿਲੇ ਸ਼ਨੀਵਾਰ ਨੂੰ ਅਤੇ ਚੈੱਸ ਕਲੱਬ ਦਾ ਆਯੋਜਨ ਮਹੀਨੇ ਦੇ ਦੂਜੇ ਸ਼ਨੀਵਾਰ ਨੂੰ ਹੁੰਦਾ ਹੈ। ਕਲੱਬ 7943 Greenback Ln, Citrus Heights, CA 95610 ਵਿਖੇ ਸਥਿਤ ਰਾਊਂਡ ਟੇਬਲ ਪਲਾਜ਼ਾ (Round Table Pizza) ਵਿਖੇ ਵਿਅਕਤੀਗਤ ਹਨ। ਹਰ ਕਿਸੇ ਦਾ ਸੁਆਗਤ ਹੈ, ਭਾਵੇਂ ਕੋਈ ਵੀ ਉਮਰ, ਲਿੰਗ, ਅਪਾਹਜਪੁਣਾ ਜਾਂ ਅਨੁਭਵ ਹੋਵੇ। ਜੇਕਰ ਆਉਣ ਵਾਲੇ ਨੂੰ ਇਹਨਾਂ ਖੇਡਾਂ ਬਾਰੇ ਜ਼ਿਆਦਾ ਪਤਾ ਨਾ ਹੋਵੇ, ਤਾਂ ਗ੍ਰੇਗ ਉਹਨਾਂ ਨੂੰ ਕਲੱਬ ਮੀਟਿੰਗਾਂ ਦੇ ਦੌਰਾਨ ਖੁਦ ਦੱਸਦੇ ਹਨ ਕਿ ਕਿਵੇਂ ਖੇਡਣਾ ਹੈ।

ਕਿਉਂਕਿ ਕਲੱਬਾਂ ਦਾ ਲਗਾਤਾਰ ਵਿਕਾਸ ਹੋ ਰਿਹਾ ਹੈ, ਗ੍ਰੇਗ ਨੂੰ ਆਸ ਹੈ ਕਿ ਉਹ ਟੂਰਨਾਮੈਂਟ ਦਾ ਆਯੋਜਨ ਕਰਨਗੇ ਅਤੇ ਬੈਕਗੈਮਨ ਕਲੱਬ ਨੂੰ ਯੂ.ਐਸ. ਬੈਕਗੈਮਨ ਫੈਡਰੇਸ਼ਨ (US Backgammon Federation) ਵੈਬਸਾਈਟ ਦੀ ਸੂਚੀ 'ਤੇ ਲਿਆਉਣਗੇ। ਜੇਕਰ ਤੁਹਾਨੂੰ ਸ਼ਾਮਲ ਹੋਣ ਵਿੱਚ ਦਿਲਚਸਪੀ ਹੈ, ਤਾਂ ਚੈੱਸ ਕਲੱਬ ਜਾਂ ਬੈਕਗੈਮਨ ਕਲੱਬ ਲਈ ਸਾਈਨ ਅੱਪ ਕਰੋ।

# ਅਰਲੀ ਸਟਾਰਟ ਨੌਕਰੀ ਮੇਲਾ - 9 ਅਗਸਤ, 2023 ਸਵੇਰੇ 10 ਵਜੇ - ਦੁਪਹਿਰ 2 ਵਜੇ ਤੱਕ ਸੈਕਰਾਮੈਂਟੋ ਦਫ਼ਤਰ

ਅਲਟਾ ਕੈਲੀਫੋਰਨੀਆ ਰੀਜਨਲ ਸੈਂਟਰ ਨੂੰ ਸ਼ੁਰੂਆਤੀ ਦਖਲ ਸੇਵਾ ਪ੍ਰਦਾਤਾਵਾਂ ਲਈ ਨੌਕਰੀ ਮੇਲਾ ਪ੍ਰਾਯੋਜਿਤ ਕਰਨ 'ਤੇ ਮਾਣ ਹੈ। ਸਾਡੀ ਅਮੈਰਿਕਨ ਰੈਸਕਿਊ ਪਲਾਨ ਐਕਟ (American Rescue Plan Act) (ARPA) ਭਾਗ C ਪਹਿਲਕਦਮੀ, ਸੇਵਾ ਪ੍ਰਦਾਤਾ ਉਪਲਬਧਤਾ ਨੂੰ ਵਧਾਉਣ ਅਤੇ ਇਸਦਾ ਵਿਸਤਾਰ ਕਰਨ ਅਤੇ ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਸੰਵੇਦਨਸ਼ੀਲ ਸੇਵਾਵਾਂ ਵਿਕਸਿਤ ਕਰਨ 'ਤੇ ਕੇਂਦਰਿਤ ਹੈ।

ਸਾਡਾ ਟੀਚਾ, ਸਾਰੇ ਪੱਧਰਾਂ 'ਤੇ ਇੰਪਲੌਇਰਾਂ ਅਤੇ ਨੌਕਰੀ ਲੱਭਣ ਵਾਲੇ ਪੇਸ਼ੇਵਰਾਂ ਨੂੰ ਜੋੜਨਾ ਹੈ। ਜੇਕਰ ਤੁਸੀਂ ਅਰਲੀ ਸਟਾਰਟ ਵਿੱਚ ਨਿਆਣਿਆਂ ਅਤੇ ਛੋਟੇ ਬੱਚਿਆਂ ਦੇ ਨਾਲ ਕੰਮ ਕਰਨ ਵਾਲੀ ਨੌਕਰੀ ਕਰਨ ਵਿੱਚ ਦਿਲਚਸਪੀ ਰੱਖਦੇ ਹੋ, ਤਾਂ ਕਿਰਪਾ ਕਰਕੇ ਸਾਡੇ ਨਾਲ ਜੁੜੋ! ਉਹਨਾਂ ਪ੍ਰਦਾਤਾਵਾਂ ਕੋਲ ਕਈ ਨੌਕਰੀਆਂ ਉਪਲਬਧ ਹਨ, ਜੋ ਪਰਿਵਾਰਾਂ ਅਤੇ ਵਿਕਾਸ ਸੰਬੰਧੀ ਦੇਰੀ ਭੁਗਤ ਰਹੇ 3 ਸਾਲ ਤੱਕ ਦੀ ਉਮਰ ਦੇ ਬੱਚਿਆਂ ਨੂੰ ਸੇਵਾ ਦਿੰਦੇ ਹਨ। ACRC ਇਹਨਾਂ 10 ਕਾਉਂਟੀਜ ਵਿੱਚ ਸੇਵਾ ਦਿੰਦੀ ਹੈ: ਅਲਪਾਈਨ (Alpine), ਕੋਲੁਸਾ (Colusa), ਐਲ ਡੋਰਾਡੋ (El Dorado), ਨੇਵਾਡਾ (Nevada), ਪਲੇਸਰ (Placer), ਸੈਕਰਾਮੈਂਟੋ (Sacramento), ਸਿਏਰਾ (Sierra), ਸਟਰ (Sutter), ਯੋਲੋ (Yolo) ਅਤੇ ਯੂਬਾ (Yuba) ਕਾਉਂਟੀਜ। ਇਹ ਨੌਕਰੀ ਮੇਲਾ ਕਈ ਅਜਿਹੇ ਵਿਕਰੇਤਾਵਾਂ ਦੀ ਮੇਜ਼ਬਾਨੀ ਕਰੇਗਾ, ਜੋ ਸਪੀਚ ਅਤੇ ਭਾਸ਼ਾ, ਭੌਤਿਕ ਅਤੇ ਵਿਵਸਾਇਕ ਅਤੇ ਵਿਵਹਾਰਕ ਥੈਰੇਪੀ ਦਿੰਦੇ ਹਨ। ਤੁਸੀਂ ਉਹਨਾਂ ਦੀਆਂ ਨੌਕਰੀਆਂ ਦੀਆਂ ਅਸਾਮੀਆਂ ਬਾਰੇ, ਕਿਵੇਂ ਅਰਜ਼ੀ ਦੇਣੀ ਹੈ ਅਤੇ ਇਹ ਵੇਖਣ ਲਈ ਉਹਨਾਂ ਨਾਲ ਸਿੱਧੇ ਗੱਲ ਕਰ ਸਕਦੇ ਹੋ ਕਿ ਕੀ ਤੁਹਾਨੂੰ ਲੱਗਦਾ ਹੈ ਕਿ ਉਹਨਾਂ ਦੀ ਏਜੰਸੀ ਤੁਹਾਡੇ ਲਈ ਠੀਕ ਹੈ। ਅਸੀਂ ਤੁਹਾਨੂੰ ਮਿਲਣ ਲਈ ਉਤਸ਼ਾਹਿਤ ਹਾਂ!

# ਨੰਬਰਾਂ ਦੁਆਰਾ ACRC

***ਕੀ ਤੁਸੀਂ ਜਾਣਦੇ ਹੋ ਕਿ ACRC ਸਾਲਾਨਾ ਲਗਭਗ 1000 ਕਲਾਇੰਟਾਂ ਨਾਲ ਵਧ ਰਿਹਾ ਹੈ?***

**ਹੇਠਾਂ ਦਿੱਤਾ ਗਿਆ ਹੈ ਕਿ ਅਸੀਂ 22, 2023 ਤੱਕ ਕੀ ਕੀਤਾ ਹੈ:**

ਅਰਲੀ ਸਟਾਰਟ - 2587

ਲੈਂਟਰਮੈਨ ਕਲਾਇੰਟਸ - 26,292

ਕੁੱਲ = 28,879

# ਸੋਮਿਆਂ ਦੇ ਵਿਕਾਸ ਬਾਰੇ ਅੱਪਡੇਟ

ਪਿਛਲੀ ਤਿਮਾਹੀ ਵਿੱਚ ਸੋਮਿਆਂ ਵਿੱਚ ਹੋਣ ਵਾਲੀਆਂ ਤਬਦੀਲੀਆਂ

## ਨਵੇਂ ਸੇਵਾ ਪ੍ਰਦਾਤਾ

**ਬਾਲਗ ਡੇ ਸਿਹਤ ਕੇਂਦਰ**
ਯੋਲੋ ਅਡਲਟ ਡੇ ਹੈਲਥ ਸੈਂਟਰ - ਡਿਗਨਿਟੀ ਹੈਲਥ
(Yolo Adult Day Health Center - Dignity Health)

**ਸਿੱਖਿਆ ਸੇਵਾਵਾਂ / ਸੁਤੰਤਰ ਜੀਵਨ ਸੇਵਾਵਾਂ / ਭਾਈਚਾਰਕ ਗਤੀਵਿਧੀ ਸਹਾਇਤਾ ਸੇਵਾਵਾਂ**
UC ਡੇਵਿਸ ਰੈੱਡਵੁੱਡ ਸੀਡ ਸਕੌਲਰਸ
(UC Davis Redwood SEED Scholars)

**ਫਾਰਮਾਸਿਊਟੀਕਲ ਸੇਵਾਵਾਂ**
ਪੈਸੀਫਿਕ ਵੈਸਟ ਫਾਰਮੇਸੀ (Pacific West Pharmacy)

**ਸਪੀਚ ਪੈਥੋਲੋਜੀ**
ਵਿਕਾਸ ਸੰਬੰਧੀ ਵਿਵਸਾਇਕ ਥੈਰੇਪੀ
ਸਿਲਵਰ ਲਾਈਨਿੰਗਸ ਸਪੀਚ ਐਂਡ ਲੈਂਗਵੇਜ
(Silver Linings Speech & Language)

**ਸਹਾਇਤਾ ਪ੍ਰਾਪਤ ਜੀਵਨ ਸੇਵਾਵਾਂ**
ਮੈਸੀਜ ਪਲੇਸਰ ਫੈਮਿਲੀ ਸਪੋਰਟ ਸੋਲਿਊਸ਼ੰਸ
(Maisie's Placer Family Support Solutions)

**ਰਿਹਾਇਸ਼ੀ ਦੇਖਭਾਲ ਹੋਮ**
ਨੌਰਥਸਟਾਰ ਕੇਅਰਹੋਮ, ਇੰਕ. (Northstar Carehome, Inc.)
ਚਿਡਿਕ ਕੇਅਰ ਹੋਮ LLC (Chidike Care Home LLC)
MC ਹੋਮ ਕੇਅਰ ਇੰਕ. (MC Home Care Inc.)

**ਸੁਤੰਤਰ ਜੀਵਨ ਸੇਵਾਵਾਂ**
ਪ੍ਰੇਰਨਾਦਾਇਕ ਸੁਤੰਤਰ ਜੀਵਨ ਕੁਸ਼ਲਤਾਵਾਂ ਪ੍ਰੋਗਰਾਮ

**ਟ੍ਰਾਂਸਪੋਰਟੇਸ਼ਨ ਕੰਪਨੀ**
ਯੰਗਸ ਟ੍ਰਾਂਸਪੋਰਟੇਸ਼ਨ ਸਰਵਿਸਿਜ਼
(Youngs Transportation Services)

## ਕਲੋਜ਼ਡ ਸੇਵਾਵਾਂ ਦੇ ਪ੍ਰਦਾਤਾ

**ਸੁਤੰਤਰ ਜੀਵਨ ਸੇਵਾਵਾਂ**
ਮਾਰਵਿਨ ਬੁਚਮਿਲਰ ਏਜੰਸੀ (Marvin Buchmiller Agency)
ਪ੍ਰੇਰਨਾਦਾਇਕ ਸੁਤੰਤਰ ਜੀਵਨ ਕੁਸ਼ਲਤਾਵਾਂ ਪ੍ਰੋਗਰਾਮ

**ਰਿਹਾਇਸ਼ੀ ਦੇਖਭਾਲ ਹੋਮ**
S&C ਕੇਅਰ ਹੋਮ (S&C Care Home)

# ਫੀਚਰਡ ਕਲਾਕਾਰ ਦੀ ਪ੍ਰੋਫਾਈਲ - ਲਿੰਡਸੇ ਵਾਟਕਿੰਸ

ਮੇਰਾ ਨਾਮ ਲਿੰਡਸੇ ਨਿਕੋਲ ਵਾਟਕਿੰਸ ਹੈ। ਮੈਂ ਆਪਣੇ ਮਾਪਿਆਂ ਅਤੇ ਮੇਰੇ ਛੋਟੇ ਭਰਾ ਦੇ ਨਾਲ ਯੂਬਾ ਸਿਟੀ ਦੇ ਦੱਖਣ ਪਾਸੇ ਵਿੱਚ ਰਹਿੰਦੀ ਹਾਂ। ਮੇਰੀਆਂ ਦੋ ਵੱਡੀਆਂ ਭੈਣਾਂ ਹਨ; ਇੱਕ ਸੈਕਰਾਮੈਂਟੋ ਵਿੱਚ ਅਤੇ ਦੂਜੀ ਮੋਡੈਸਟੋ (Modesto) ਵਿੱਚ ਰਹਿੰਦੀ ਹੈ।

ਇਸ ਵੇਲੇ ਮੈਂ ਯੂਬਾ ਸਿਟੀ ਵਿੱਚ ਕ੍ਰਿਏਟਿਵ ਆਰਟਸ ਸੈਂਟਰ (Creative Arts Center) ਵਿਖੇ ਨਾਮਾਂਕਿਤ ਹਾਂ, ਜਿੱਥੇ ਮੈਂ ਕਈ ਤਰ੍ਹਾਂ ਦੇ ਕਲਾ ਮਾਧਿਅਮਾਂ 'ਤੇ ਕੰਮ ਕਰਦੀ ਹਾਂ। ਮੈਂ 2006 ਤੋਂ ਇਸ ਪ੍ਰੋਗਰਾਮ ਵਿੱਚ ਹਿੱਸਾ ਲਿਆ ਹੈ। CRS ਵਿਖੇ ਆਪਣੇ ਸਮੇਂ ਦੇ ਦੌਰਾਨ, ਮੈਂ ਪੱਚੀਕਾਰੀ, ਮੂਰਤੀਕਲਾ, ਪੇਂਟਿੰਗ ਅਤੇ ਗੌਰਡ ਡਿਜ਼ਾਈਨਾਂ 'ਤੇ ਕੰਮ ਕੀਤਾ ਹੈ। ਮੈਨੂੰ ਇਹਨਾਂ ਵੱਖ-ਵੱਖ ਮਾਧਿਅਮਾਂ 'ਤੇ ਕੰਮ ਕਰਨ ਵਿੱਚ ਮਜ਼ਾ ਆਉਂਦਾ ਹੈ, ਪਰੰਤੂ ਪੱਚੀਕਾਰੀ ਅਤੇ ਪੇਂਟਿੰਗ ਮੇਰੇ ਮਨਪਸੰਦ ਹਨ। ਮੈਨੂੰ ਏਸ਼ੀਆਈ ਡਿਜ਼ਾਈਨ ਅਤੇ ਨਿਊਨਤਮ ਲੈਂਡਸਕੇਪਸ ਵਿੱਚ ਮੇਰੀ ਪ੍ਰੇਰਨਾ ਮਿਲਦੀ ਹੈ। ਮੈਨੂੰ ਆਪਣੀਆਂ ਰਚਨਾਵਾਂ ਵਿੱਚ ਗੁਲਾਬੀ ਅਤੇ ਨੀਲੇ ਰੰਗ ਦੀਆਂ ਵੱਖਰੀਆਂ ਰੰਗਤਾਂ ਵਰਤਣਾ ਪਸੰਦ ਹੈ। ਮੈਨੂੰ ਆਰਟਸ ਸੈਂਟਰ ਵਿਖੇ ਕੰਮ ਕਰਨਾ ਪਸੰਦ ਹੈ ਅਤੇ ਆਪਣੇ ਦੋਸਤਾਂ ਨਾਲ ਸਮਾਂ ਬਿਤਾਉਣ ਵਿੱਚ ਮਜ਼ਾ ਆਉਂਦਾ ਹੈ।

ਮੇਰੀ ਕਲਾਕ੍ਰਿਤੀ, ਯੂਬਾ ਸਿਟੀ ਵਿੱਚ 732 Plumas Street ਵਿਖੇ ਸਥਿਤ ਕ੍ਰਿਏਟਿਵ ਆਰਟਸ ਸੈਂਟਰ ਵਿਖੇ ਖਰੀਦੀ ਜਾ ਸਕਦੀ ਹੈ।
ਸਵਾਲ, teresacrsquest@gmail.com 'ਤੇ ਭੇਜੇ ਜਾ ਸਕਦੇ ਹਨ।



Community Resource Services



# ਲਰਨਿੰਗ ਇੰਡੀਪੈਂਡੈਂਸ ਫੌਰ ਫਿਊਚਰ ਇੰਪਲੌਇਮੈਂਟ (LEARNING INDEPENDENCE FOR FUTURE EMPLOYMENT) (LIFE) ਪ੍ਰੋਜੈਕਟ

ਸਿਏਰਾ ਕਾਲੇਜ ਅਤੇ ਅਲਟਾ ਕੈਲੀਫੋਰਨੀਆ ਰੀਜਨਲ ਸੈਂਟਰ (ACRC) ਨੂੰ ਲਰਨਿੰਗ ਇੰਡੀਪੈਂਡੈਂਸ ਫੌਰ ਫਿਊਚਰ ਇੰਪਲੌਇਮੈਂਟ (LIFE) ਪ੍ਰੋਜੈਕਟ ਵਾਸਤੇ ਕੈਲੀਫੋਰਨੀਆ ਡਿਪਾਰਟਮੈਂਟ ਔਫ ਡਿਵੈਲਪਮੈਂਟਲ ਸਰਵਿਸਿਜ਼ (California Department of Developmental Services) ਤੋਂ ਫੰਡਿੰਗ ਮਿਲਦੀ ਹੈ।

ਸਿਏਰਾ ਕਾਲੇਜ ਅਤੇ ਅਲਟਾ ਕੈਲੀਫੋਰਨੀਆ ਰੀਜਨਲ ਸੈਂਟਰ (ACRC), ਕੈਲੀਫੋਰਨੀਆ ਡਿਪਾਰਟਮੈਂਟ ਔਫ ਡਿਵੈਲਪਮੈਂਟਲ ਸਰਵਿਸਿਜ਼ ਦੀ ਰੋਜ਼ਗਾਰ ਗ੍ਰਾਂਟ ਦੇ ਦੁਆਰਾ ਲਰਨਿੰਗ ਇੰਡੀਪੈਂਡੈਂਸ ਫੌਰ ਫਿਊਚਰ ਇੰਪਲੌਇਮੈਂਟ (LIFE) ਪ੍ਰੋਜੈਕਟ ‘ਤੇ ਮਿਲ ਕੇ ਕੰਮ ਕਰਨ ਲਈ ਉਤਸ਼ਾਹਿਤ ਹਨ। LIFE ਪ੍ਰੋਜੈਕਟ, ਬੌਧਿਕ ਅਤੇ ਵਿਕਾਸ ਸੰਬੰਧੀ ਅਪਾਹਜਪੁਣੇ ਵਾਲੇ ਵਿਅਕਤੀਆਂ ਲਈ ਮੁਕਾਬਲੇਦਾਰ ਏਕੀਕ੍ਰਿਤ ਰੋਜ਼ਗਾਰ (Competitive Integrated Employment) (CIE) ਵਧਾਉਣ ਵਾਸਤੇ ਨਵੀਆਂ ਕਾਰਜਨੀਤੀਆਂ ਅਤੇ ਪੱਧਤੀਆਂ ਦੀ ਤਿਆਰੀ; ਪਲੇਸਮੈਂਟ ਅਤੇ ਲਾਗੂਕਰਣ ਵਿੱਚ ਕੈਲੀਫੋਰਨੀਆ ਕਮਿਉਨਿਟੀ ਕਾਲੇਜਸ (California Community Colleges) (CCCs) ਲਈ ਇੱਕ ਨਵੀਂ ਅਤੇ ਵਿਸਤ੍ਰਿਤ ਭੂਮਿਕਾ ਵਿਕਸਿਤ ਕਰਨ ਲਈ ਸੇਵਾ ਮਾੱਡਲ ਪਰਿਵਰਤਨ ਪ੍ਰੋਜੈਕਟ ਹੈ।

ਇਹ ਨਵਾਂ ਮਾੱਡਲ ਸ਼ੁਰੂ ਵਿੱਚ ਅਲਟਾ ਕੈਲੀਫੋਰਨੀਆ ਰੀਜਨਲ ਸੈਂਟਰ ਵੱਲੋਂ ਸੇਵਾ ਦਿੱਤੇ ਜਾਣ ਵਾਲੇ ਵਿਅਕਤੀਆਂ ‘ਤੇ ਅਧਾਰਤ ਹੋਵੇਗਾ, ਜੋ ਪਲੇਸਰ, ਨੇਵਾਡਾ ਜਾਂ ਸੈਕਰਾਮੈਂਟੋ ਕਾਉਂਟੀ ਵਿੱਚ ਰਹਿੰਦੇ ਹਨ, ਨਾਲ ਹੀ ਇਹ ਨਿਸ਼ਕਰਸ਼ ਅਤੇ ਸਿਫ਼ਾਰਿਸ਼ਾਂ ਮੁਹੱਈਆ ਕਰੇਗਾ, ਜਿਹਨਾਂ ਨੂੰ ਪੂਰੇ ਰਾਜ ਵਿੱਚ ਮਾਪਿਆ, ਦੁਹਰਾਇਆ ਅਤੇ ਕਾਇਮ ਰੱਖਿਆ ਜਾ ਸਕਦਾ ਹੈ। ਸਿਏਰਾ ਕਾਲੇਜ ਅਜਿਹੇ ਕੇਂਦਰ ਵਜੋਂ ਸੇਵਾ ਦੇਵੇਗਾ, ਜੋ ਰੋਜ਼ਗਾਰ-ਸੰਬੰਧੀ ਮੌਜੂਦਾ ਸੇਵਾਵਾਂ ਦਾ ਮੁਲਾਂਕਣ ਅਤੇ ਵਿਸ਼ਲੇਸ਼ਣ ਕਰਨ ਲਈ, ਖਪਤਕਾਰਾਂ, ਹਿੱਸੇਦਾਰਾਂ ਅਤੇ ਵਿਸ਼ਾ ਮਾਹਰਾਂ ਦੇ ਬਹੁ-ਅਨੁਸ਼ਾਸਨੀ ਸਮੂਹ ਨੂੰ ਇਕੱਠੇ ਕਰਦਾ ਹੈ।

ਇਹ ਪ੍ਰੋਜੈਕਟ, ਸਿਫ਼ਾਰਿਸ਼ਾਂ ਮੁਹੱਈਆ ਕਰੇਗਾ ਅਤੇ ਇਹ ਯਕੀਨੀ ਬਣਾਉਣ ਲਈ ਸੰਗਠਨਾਤਮਕ ਪਰਿਵਰਤਨ ਵਾਸਤੇ ਯੋਜਨਾ ਮੁਹੱਈਆ ਕਰੇਗਾ ਕਿ ਵਿਵਸਾਇਕ ਟ੍ਰੇਨਿੰਗਾਂ, ਜਿਵੇਂ ਕਾਰਜ ਯੋਗਤਾ ਸੇਵਾਵਾਂ, ਭੁਗਤਾਨ ਵਾਲੇ ਇੰਟਰਨਸ਼ਿਪ ਪ੍ਰੋਗਰਾਮ ਅਤੇ ਹੋਰ ਪ੍ਰੋਗਰਾਮ (ਜਿਵੇਂ College2Careers) CIE ਲਈ ਅਸਲੀ ਮੌਕਿਆਂ ਦੇ ਨਾਲ ਜੁੜੇ ਹਨ। ਪ੍ਰੋਜੈਕਟ ਸੁਧਾਰਾਂ ‘ਤੇ ਧਿਆਨ ਕੇਂਦਰਿਤ ਕਰੇਗਾ, ਜੋ ਸੇਵਾਵਾਂ ਦੇ ਤਾਲਮੇਲ ਅਤੇ CIE ਲਈ ਸਹਾਇਤਾਵਾਂ ਦੇ ਏਕੀਕਰਣ ਨੂੰ ਬਿਹਤਰ ਬਣਾਉਂਦੇ ਹਨ ਅਤੇ ਨਿਸ਼ਕਰਸ਼ਾਂ ਨੂੰ ਸ਼ਾਮਲ ਕਰਦੇ ਹਨ, ਜਿਹਨਾਂ ਦੁਆਰਾ ਪੂਰੇ ਰਾਜ ਦੀ CCCs ਪ੍ਰਣਾਲੀ, ਅਜਿਹੇ ਬੁਨਿਆਦੀ ਢਾਂਚੇ ਅਤੇ ਪ੍ਰੋਗਰਾਮਾਂ ਵਿੱਚ ਪ੍ਰਭਾਵੀ ਸਾਬਤ ਹੋ ਸਕਦੀ ਹੈ, ਜਿਸ ਨਾਲ ਸਫਲ CIE ਬਣਦੀ ਹੈ।

ਸਿਏਰਾ ਕਾਲੇਜ ਬਾਰੇ

ਸਿਏਰਾ ਕਾਲੇਜ, ਸਾਡੇ ਭਾਈਚਾਰੇ ਦੀਆਂ ਲੋੜਾਂ ਲਈ ਵਿਕਸਿਤ ਹੋ ਰਿਹਾ ਹੈ। ਸਿਏਰਾ ਕਾਲੇਜ, ਉੱਤਰੀ ਕੈਲੀਫੋਰਨੀਆ ਦੇ 3,200 ਵਰਗ ਮੀਲ ਵਿੱਚ ਹੈ ਅਤੇ ਇਸਦੇ ਕੈਂਪਸ ਰੋਜਵਿਲੇ (Roseville), ਰੌਕਲਿਨ (Rocklin), ਗ੍ਰਾਸ ਵੈਲੀ (Grass Valley) ਅਤੇ ਟਰੱਕੀ (Truckee) ਵਿੱਚ ਹਨ। ਲਗਭਗ 125 ਡਿਗਰੀ ਅਤੇ ਸਰਟੀਫਿਕੇਟ ਪ੍ਰੋਗਰਾਮਾਂ ਦੇ ਨਾਲ, ਸਿਏਰਾ ਕਾਲੇਜ ਨੂੰ ਉੱਤਰੀ ਕੈਲੀਫੋਰਨੀਆ (ਸੈਕਰਾਮੈਂਟੋ ਉੱਤਰ) ਵਿੱਚ, ਚਾਰ-ਸਾਲਾ ਯੂਨੀਵਰਸਿਟੀਆਂ ਲਈ ਟ੍ਰਾਂਸਫਰਾਂ ਵਾਸਤੇ ਪਹਿਲਾ ਰੈਂਕ ਮਿਲਿਆ ਹੈ ਅਤੇ ਇਹ ਕਰੀਅਰ/ਤਕਨੀਕੀ ਟ੍ਰੇਨਿੰਗ ਅਤੇ ਨੌਕਰੀ ਸੰਬੰਧੀ ਕੁਸ਼ਲਤਾਵਾਂ ਨੂੰ ਅੱਪਗ੍ਰੇਡ ਕਰਨ ਲਈ ਕਲਾਸਾਂ ਪੇਸ਼ ਕਰਦਾ ਹੈ। ਸਿਏਰਾ ਦੇ ਗ੍ਰੈਜੂਏਟ ਵਿਦਿਆਰਥੀ ਪੂਰੇ ਖੇਤਰ ਵਿੱਚ ਕਾਰੋਬਾਰਾਂ ਅਤੇ ਉਦਯੋਗਾਂ ਵਿੱਚ ਵੇਖੇ ਜਾ ਸਕਦੇ ਹਨ। ਵਧੇਰੇ ਜਾਣਕਾਰੀ www.sierracollege.edu ‘ਤੇ ਦੇਖੋ।